# Telephone conversation between External Affairs Minister, Dr. S. Jaishankar and the U.S. Secretary of State Antony J. Blinken

January 29, 2021

---

## ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਸੰਯੁਕਤ ਰਾਜ ਅਮਰੀਕਾ ਦੇ ਸੈਕ੍ਰੇਟਰੀ ਆਫ ਸਟੇਟ ਐਂਟਨੀ ਜੇ. ਬਲਿੰਕਨ ਦਰਮਿਆਨ ਹੋਈ  ਟੈਲੀਫੋਨ 'ਤੇ ਗੱਲਬਾਤ

29 ਜਨਵਰੀ, 2021

ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਅਤੇ ਸੰਯੁਕਤ ਰਾਜ ਅਮਰੀਕਾ ਦੇ ਸੈਕ੍ਰੇਟਰੀ ਆਫ ਸਟੇਟ ਐਂਟਨੀ ਜੇ. ਬਲਿੰਕਨ ਦਰਮਿਆਨ ਅੱਜ ਟੈਲੀਫੋਨ 'ਤੇ ਗੱਲਬਾਤ ਹੋਈ। ਵਿਦੇਸ਼ ਮੰਤਰੀ ਨੇ ਸੈਕ੍ਰੇਟਰੀ ਬਲਿੰਕਨ ਨੂੰ ਉਨ੍ਹਾਂ ਦੀ ਨਿਯੁਕਤੀ ’ਤੇ ਤਹਿ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੀ ਨਵੀਂ ਭੂਮਿਕਾ ਵਿੱਚ ਕਾਮਯਾਬੀ ਦੀ ਕਾਮਨਾ ਕੀਤੀ।

ਵਿਦੇਸ਼ ਮੰਤਰੀ ਅਤੇ ਸੈਕ੍ਰੇਟਰੀ ਬਲਿੰਕਨ ਨੇ ਬਹੁਪੱਖੀ ਰਣਨੀਤਕ ਭਾਈਵਾਲੀ ਨੂੰ ਮਜ਼ਬੂਤ ਕਰਨ ਅਤੇ ਅੱਗੇ ਵਧਾਉਣ ਪ੍ਰਤੀ ਆਪਣੀ ਵਚਨਬੱਧਤਾ ਪ੍ਰਗਟ ਕੀਤੀ। ਉਨ੍ਹਾਂ ਨੇ ਇਸ ਦੇ  ਮਹੱਤਵਪੂਰਣ ਥੰਮਾਂ ਵਜੋਂ ਮਜ਼ਬੂਤ ਸੁਰੱਖਿਆ ਸਬੰਧਾਂ, ਵਧ ਰਹੇ ਆਰਥਿਕ ਜੁੜਾਅ, ਲਾਹੇਵੰਦ ਸਿਹਤ-ਸੰਭਾਲ ਸਹਿਯੋਗ ਅਤੇ ਮਜ਼ਬੂਤ ਲੋਕ ਪੱਧਰੀ ਸਬੰਧਾਂ ਦੀ ਸ਼ਲਾਘਾ ਕੀਤੀ।

COVID ਤੋਂ ਬਾਅਦ ਦੀ ਦੁਨੀਆਂ ਦੀਆਂ ਚੁਣੌਤੀਆਂ ਦੀ ਪਛਾਣ ਕਰਦੇ ਹੋਏ ਉਨ੍ਹਾਂ ਨੇ ਸੁਰੱਖਿਅਤ ਅਤੇ ਕਿਫਾਇਤੀ ਟੀਕੇ ਦੀ ਸਪਲਾਈ ਸਮੇਤ ਆਲਮੀ ਮੁੱਦਿਆਂ ਦੇ ਹੱਲ ਲਈ ਮਿਲ ਕੇ ਕੰਮ ਕਰਨ 'ਤੇ ਸਹਿਮਤੀ ਪ੍ਰਗਟਾਈ। ਉਨ੍ਹਾਂ ਨੇ ਸ਼ਾਂਤੀ ਅਤੇ ਸੁਰੱਖਿਆ ਪ੍ਰਤੀ, ਖ਼ਾਸਕਰ ਭਾਰਤ-ਪ੍ਰਸ਼ਾਂਤ ਖੇਤਰ ਵਿੱਚ, ਆਪਣੀ ਵਚਨਬੱਧਤਾ ਦੁਹਰਾਈ।

ਦੋਨਾਂ ਮੰਤਰੀਆਂ ਨੂੰ ਭਵਿੱਖ ਵਿੱਚ ਨੇੜਲੇ ਸੰਪਰਕ ਵਿੱਚ ਰਹਿਣ ਦੀ ਆਸ ਹੈ।

ਨਵੀਂ ਦਿੱਲੀ
29 ਜਨਵਰੀ, 2021

DISCLAIMER: This is an approximate translation. The original is available in English on MEA’s website and may be referred to as the official press release.